# ਜੰਗੇ ਆਜ਼ਾਦੀ ਦੇ ਕਿੰਨੇ ਕੁ ਸ਼ਹੀਦ

ਮਲਵਿੰਦਰ ਜੀਤ ਸਿੰਘ ਵੜੈਚ*

ਕੁੱਲ 126 ਵਿਅਕਤੀਆਂ ਨੇ ਫਾਂਸੀ ਦੇ ਤਖ਼ਤਿਆਂ 'ਤੇ ਰੱਸਿਆਂ ਨੂੰ ਚੁੰਮਿਆਂ ਜਿਨ੍ਹਾਂ ਵਿਚੋਂ 93 ਸਿੱਖ ਸਨ।

19 ਜੁਲਾਈ 2003 ਦੇ ਅੰਕ ਦਾ ਮੁੱਖ ਲੇਖ ਹੈ ਸ੍ਰੀ ਸੁਰਿੰਦਰ ਸਿੰਘ ਜੌਹਰ ਦੀ ਕਲਮ ਤੋਂ। ਸਿਰਲੇਖ ਹੈ ਜੰਗੇ ਆਜ਼ਾਦੀ ਵਿੱਚ ਸਭ ਤੋਂ ਵੱਧ ਯੋਗਦਾਨ ਸਿੱਖਾਂ ਦਾ ਪਰ ਮਿਲਿਆ ਕੁੱਝ ਨਹੀਂ। ਇਨ੍ਹਾਂ ਸਤਰਾਂ ਦਾ ਲੇਖਕ ਆਜ਼ਾਦੀ ਪਰਵਾਨਿਆਂ ਦੇ ਇਤਿਹਾਸ ਦਾ ਨਿਮਾਣਾ ਖੋਜਾਰਥੀ ਹੈ ਪਰ ਵਾਦ-ਵਿਵਾਦ ਦੇ ਮਾਮਲੇ ਵਿੱਚ ਬੜਾ ਡਰਪੋਕ ਹੈ। ਉਪਰੋਕਤ ਕਥਨ, ਕਈ ਨਾਮੀ ਲੀਡਰ ਅਤੇ ਇਤਿਹਾਸਕਾਰ ਬੜੇ ਸਵੈ-ਭਰੋਸੇ ਨਾਲ ਦੁਹਰਾਉਂਦੇ ਆ ਰਹੇ ਹਨ। ਅਖੀਰ ਸਬਰ ਦਾ ਪਿਆਲਾ ਭਰ ਗਿਆ ਹੈ, ਚੁੱਪੀ ਤੋੜਣੀ ਪੈ ਰਹੀ ਹੈ।

ਗੱਲ ਅੱਗੇ ਤੋਰਨ ਤੋਂ ਪਹਿਲਾਂ ਦੋ ਗੱਲਾਂ ਦਾ ਜ਼ਿਕਰ ਜ਼ਰੂਰੀ ਸਮਝਦਾ ਹਾਂ। ਪਹਿਲੀ ਮੇਰੇ ਕੋਲ ਪੰਜਾਬ ਦੇ 'ਆਜ਼ਾਦੀ ਸੰਗਰਾਮ 'ਚ ਪੰਜਾਬ ਦਾ ਯੋਗਦਾਨ' ਦੇ ਜਿਲਦਾਂ ਵਿੱਚ ਸਵਰਗੀ ਸ੍ਰੀ ਰਾਮ ਸਿੰਘ ਮਜੀਠਾ ਦੀ ਖੋਜ ਭਰਪੂਰ ਲਿਖਤ ਹੈ ਜਿਸ ਵਿੱਚ ਨਨਕਾਣਾ ਸਾਹਿਬ ਦੇ 87 ਸ਼ਹੀਦਾਂ ਦੀ ਸੂਚੀ ਦਰਜ ਹੈ ਜੋ ਜਾਲਮ ਮਹੰਤ ਨਰਾਇਣ ਦਾਸ ਨੇ 20 ਫਰਵਰੀ 1921 ਨੂੰ ਸ਼ਹੀਦ ਕਰਕੇ ਤੇ ਲਾਸ਼ਾਂ ਦੇ ਟੋਟੇ-ਟੋਟੇ ਕਰਕੇ ਜਲਾ ਦਿੱਤੇ ਸਨ। ਉਥੇ ਲਿਖਿਆ ਹੋਇਆ ਹੈ ਕਿ ਲੜੀ 87 ਤੋਂ 130 ਦੇ ਨਾਂ ਪਤੇ ਨਹੀਂ ਮਿਲ ਸਕੇ। (ਹਵਾਲਾ: ਭਾਗ ਪਹਿਲਾ ਪੰਨਾ 371)

ਦੂਜੀ ਗੱਲ ਨਾਮਧਾਰੀ ਲਹਿਰ ਦੇ 66 ਸ਼ਹੀਦਾਂ ਵਿੱਚੋਂ ਜਿਹੜੇ 17 ਤੇ 18 ਜਨਵਰੀ 1872 ਨੂੰ ਮਲੇਰਕੋਟਲੇ ਤੋਪਾਂ ਨਾਲ ਉਡਾਏ ਗਏ ਸਨ। ਉਨ੍ਹਾਂ ਵਿੱਚੋਂ ਜਿਹੜੇ 49-50 ਪਹਿਲੇ ਦਿਨ ਸ਼ਹੀਦ ਹੋਏ ਸਨ, ਉਨ੍ਹਾਂ ਦੀ ਪੱਕੀ ਸੂਚੀ ਅਜੇ ਤੀਕ ਉਪਲਬੱਧ ਨਹੀਂ ਹੈ। ਸ਼ਾਇਦ ਹੀ ਕਿਸੇ ਨੂੰ ਇਹ ਉਤਸੁਕਤਾ ਹੋਵੇ ਕਿ ਇਨ੍ਹਾਂ ਸ਼ਹੀਦਾ ਦੇ ਨਾਂ ਪਤੇ ਲੱਭੇ ਜਾਣ ਕਿ ਇਹ ਹੈ ਕੌਣ ਸਨ?

ਵੈਸੇ ਸ੍ਰੀ ਮਜੀਠਾ ਅਨੁਸਾਰ ਸਿਰਫ ਗੁਰਦੁਆਰਾ ਲਹਿਰ ਵਿੱਚ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ 474 ਹੈ। (ਪੰਨਾ 383)

ਸ਼ਾਇਦ ਇਨ੍ਹਾਂ ਤੱਥਾਂ ਬਾਰੇ ਇਹ ਨੁਕਤਾ ਉਠਾਇਆ ਜਾਵੇ ਕਿ ਗੱਲ ਚੱਲੀ ਫਾਂਸੀ ਤੋਂ ਤੇ ਜਾ ਪਹੁੰਚੀ ਸਾਰੀਆਂ ਸ਼ਹੀਦੀਆਂ 'ਤੇ, ਜਿਨ੍ਹਾਂ ਵਿੱਚ ਗੋਲੀਆਂ ਨਾਲ ਉਡਾਏ ਤੇ ਨਨਕਾਣਾ ਸਾਹਿਬ ਵਾਲੇ ਕੋਹ ਕੇ ਮਾਰੇ ਵੀ ਰਲਾ ਦਿੱਤੇ ਗਏ ਹਨ... ਆਸ ਕਰਦਾ ਹਾਂ ਕਿ ਸ਼ਹੀਦਾਂ ਵਿੱਚ ਅਜਿਹੀਆਂ ਵੰਡੀਆਂ ਪਾਉਣ ਦਾ ਯਤਨ ਨਹੀਂ ਕੀਤਾ ਜਾਵੇਗਾ।

ਵੈਸੇ ਸ੍ਰੀ ਮਜੀਠਾ ਅਨੁਸਾਰ ਅਣਵੰਡੇ ਪੰਜਾਬ ਦੇ ਕੁੱਝ ਆਜ਼ਾਦੀ ਸੰਗਰਾਮੀਏ ਸ਼ਹੀਦਾਂ ਦੀ ਗਿਣਤੀ 1548 ਦੱਸੀ ਹੈ, ਇਸ ਵਿੱਚ ਆਜ਼ਾਦ ਹਿੰਦ ਫੌਜ ਦੇ ਸ਼ਹੀਦ ਸ਼ਾਮਲ ਕਰਕੇ ਕੁੱਲ 2713 ਬਣਦੇ ਹਨ। ਇਨ੍ਹਾਂ ਵਿੱਚ ਹਿੰਦੂ, ਸਿੱਖ, ਮੁਸਲਮਾਨ ਅਤੇ ਹੋਰ ਵੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਸਾਡੇ ਸ਼ਹੀਦਾਂ ਵਿੱਚੋਂ ਸ਼ਹੋਦ ਰਾਮ ਪ੍ਰਸ਼ਾਦ ਬਿਸਮਿਲ ਵਰਗੇ ਪੱਕੇ ਆਰੀਆ ਸਮਾਜੀ, ਆਪਣੇ ਪੱਕੇ ਮੁਸਲਮਾਨ ਸਾਥੀ ਬਾਰੇ ਲਿਖਦੇ ਹਨ, "ਤੂੰ ਇੱਕ ਸੱਚਾ ਮੁਸਲਮਾਨ ਅਤੇ ਸੱਚਾ ਦੇਸ਼ਭਗਤ ਸੀ... ਪਿਆਰੇ ਵੀਰ ਤੈਨੂੰ ਇਹ ਸਮਝ ਕੇ ਤਸੱਲੀ ਹੋਵੇਗੀ ਕਿ (ਮੈਂ) ਜਿਸ ਨੇ ਆਪਣੇ ਮਾਤਾ-ਪਿਤਾ ਦੀ ਧਨ-ਦੌਲਤ ਦੇਸ਼ ਸੇਵਾ ਲਈ ਅਰਪਨ ਕਰਕੇ ਉਨ੍ਹਾਂ ਨੂੰ ਭਿਖਾਰੀ ਬਣਾ ਦਿੱਤਾ, ਜਿਸ ਨੇ ਆਪਣੇ ਦੋਸਤਾਂ ਦੇ ਭੱਵਿਖ ਨੂੰ ਵੀ ਦੇਸ਼ ਸੇਵਾ ਲਈ ਭੇਟ ਕਰ ਦਿੱਤਾ, ਜਿਸ ਨੇ ਆਪਣਾ ਤਨ, ਮਨ, ਧਨ ਸਭ ਕੁੱਝ ਮਾਤਰੀ ਸੇਵਾ ਵਿੱਚ ਅਰਪਨ ਕਰਕੇ ਆਪਣਾ ਆਖਰੀ ਬਲੀਦਾਨ ਵੀ ਦੇ ਦਿੱਤਾ। ਉਸ ਨੇ ਆਪਣੇ ਪਿਆਰੇ ਮਿੱਤਰ ਅਸ਼ਫਾਕ ਨੂੰ ਵੀ ਉਸੇ ਮਾਤਰ ਭੂਮੀ ਦੀ ਭੇਂਟ ਚੜ੍ਹਾ ਦਿੱਤਾ।" — ਮੂਲ ਲਿਖਤ ਹਿੰਦੀ "ਆਤਮ ਕਥਾ ਸ਼ਹੀਦ

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich

ਰਾਮ ਪ੍ਰਸਾਦ ਬਿਸਮਿਲ", ਪੰਜਾਬੀ ਅਨੁਵਾਦ, ਪ੍ਰੋ. ਮਲਵਿੰਦਰ ਜੀਤ ਸਿੰਘ, ਪੰਨਾ 71।

ਸੋ ਸ਼ਹੀਦਾਂ ਅੰਦਰ ਧਾਰਮਿਕ ਅਕੀਦੇ ਅਨੁਸਾਰ ਵੰਡੀਆਂ ਪਾਉਣਾ ਉਨ੍ਹਾਂ ਨਾਲ ਬਹੁਤ ਵੱਡੀ ਜ਼ਿਆਦਤੀ ਹੋਵੇਗੀ। ਮਿਸਾਲ ਦੇ ਤੌਰ 'ਤੇ ਭਾਵੇਂ ਗ਼ਦਰ ਪਾਰਟੀ ਦੀ ਭਾਰੀ ਬਹੁ-ਗਿਣਤੀ ਸਿੱਖਾਂ ਵਿੱਚੋਂ ਸੀ, ਪਰ ਨਾਅਰਾ 'ਬੰਦੇ ਮਾਤਰਮ' ਹੀ ਸੀ।

'ਬਿਨਾਂ ਕਤਰਾ ਖ਼ੂਨ ਵਹਾਏ ਆਜ਼ਾਦੀ ਹਾਸਲ ਕਰਨ ਦੇ ਦਾਅਵੇਦਾਰਾਂ ਨੇ ਸ਼ਹੀਦਾਂ ਦੇ ਇਤਿਹਾਸ ਨੂੰ ਮਧੋਲਣ 'ਚ ਕੋਈ ਕਸਰ ਨਹੀਂ ਛੱਡੀ।' ਫੇਰ ਵੀ ਕੁੱਝ ਨਾ ਕੁੱਝ ਤੱਥ ਸਾਹਮਣੇ ਆਏ ਹਨ। ਖ਼ੁਦ ਹਿੰਦ ਸਰਕਾਰ ਨੇ ਦੋ ਕਿਤਾਬਾਂ ਸ਼ਹੀਦਾਂ ਬਾਰੇ ਛਾਪੀਆਂ ਹਨ। 'ਹੂਜ ਹੂ ਆਫ਼ ਇੰਡੀਅਨ ਮਾਰਟਰਜ਼' ਪਹਿਲੀ 1969 ਅਤੇ ਦੂਜੀ 1972 ਵਿੱਚ। ਦੋਹਾਂ ਕਿਤਾਬਾਂ ਦੇ ਕੁਲ 734 ਸਫ਼ੇ ਹਨ। ਔਸਤਨ ਇੱਕ ਸਫ਼ੇ 'ਤੇ 9 ਸ਼ਹੀਦਾਂ ਦੇ ਨਾਂ ਪਤੇ ਹਨ। ਜਿਸ ਲਿਹਾਜ਼ ਨਾਲ ਕੁਲ ਸ਼ਹੀਦਾਂ ਦੀ ਗਿਣਤੀ ਕੋਈ ਪੌਣੇ ਸੱਤ ਹਜ਼ਾਰ ਬਣਦੀ ਹੈ।

'ਸੋ 193 ਵਿੱਚੋਂ 121 ਸਿੱਖ ਫਾਂਸੀ ਲੱਗੇ ਦੀ ਰੱਟ ਲਗਾਈ ਜਾਣਾ ਸ਼ਹੀਦਾਂ ਨਾਲ ਘੋਰ ਅਨਿਆ ਹੈ। ਬਾਕੀ ਜਿੰਨੀ ਕੁ ਖੋਜ ਇਸ ਬਾਰੇ ਕਰਨੀ ਲੋੜੀਂਦੀ ਹੈ, ਉਹਦਾ ਕਿਣਕਾ ਮਾਤਰ ਵੀ ਨਹੀਂ ਹੋਈ ਤੇ ਅਜਿਹੀ ਖੋਜ ਦੀ ਸੰਭਾਵਨਾ ਦਿਨੋਂ-ਦਿਨ ਘਟਦੀ ਜਾ ਰਹੀ ਹੈ।

ਮੁੱਕਦੀ ਗੱਲ, ਕੀ ਕੋਈ 193/121 ਦਾ ਧਾਰਨੀ ਇਨ੍ਹਾਂ ਸ਼ਹੀਦਾਂ ਦੇ ਲਹਿਰ ਵਾਰ ਜਾਂ ਸਮੇਂ ਵਾਰ ਵੇਰਵੇ ਜਾਂ ਵਿਸਥਾਰ ਦੇ ਸਕਦਾ ਹੈ? ਜੇ ਦੇ ਸਕਦਾ ਹੈ ਤਾਂ ਪਾਠਕਾਂ ਨਾਲ ਆਪਣਾ ਗਿਆਨ ਸਾਂਝਾ ਕਰੇ, ਪਰ ਨਾਲ ਆਪਣੇ ਅੰਕੜਿਆਂ, ਵੇਰਵਿਆਂ ਦਾ ਆਧਾਰ ਦੱਸਣ ਦੀ ਖੇਚਲ ਜ਼ਰੂਰ ਕਰੇ।

ਕੀਹਦੀ ਕੁਰਬਾਨੀ ਕਿਸ ਨੂੰ ਲਾਭ? ਜੰਗੇ ਆਜ਼ਾਦੀ ਦੀਆਂ ਕੁਰਬਾਨੀਆਂ ਨੂੰ ਜਿਹੜੇ ਫਿਰਕੂ ਰੂਪ ਦਿੰਦੇ ਹਨ, ਉਨ੍ਹਾਂ ਨੂੰ ਪਹਿਲੀ ਬੇਨਤੀ ਇਹ ਹੈ ਕਿ ਜਿੱਥੇ ਸਿੱਖ ਪਰਵਾਨਿਆਂ ਦੇ ਕਾਰਨਾਮੇ ਗਿਣਦੇ ਹੋ ਨਾਲ ਇੱਕ ਸੂਚੀ ਉਨ੍ਹਾਂ ਗ਼ਦਾਰਾਂ ਦੀ ਵੀ ਬਣਾਓ ਜੋ ਸਿੱਖੀ ਸਰੂਪ ਵਿੱਚ ਹੁੰਦਿਆਂ ਦੇਸ਼ ਨਾਲ ਧਰੋਹ ਕਮਾਉਂਦੇ ਰਹੇ ਹਨ।

ਉਨ੍ਹਾਂ ਵਿੱਚ ਪ੍ਰਮੁੱਖ ਸਥਾਨ ਸਾਡੇ ਮਹਾਰਾਜ ਦੇ ਮਹਾਰਾਜਗਾਨ ਰਿਆਸਤ... ਦਾ ਹੈ। 1872 ਵਿੱਚ ਕੂਕਿਆਂ ਦੇ ਤੋਪਾਂ ਨਾਲ ਉਡਾਏ ਜਾਣ ਤੇ ਉਨ੍ਹਾਂ ਸਰਕਾਰ ਨੂੰ ਵਧਾਈ ਦੀ ਤਾਰ ਭੇਜੀ ਸੀ। ਹੋਰ ਤਾਂ ਹੋਰ 1912-14 ਦੌਰਾਨ ਗੁਰਦੁਆਰਾ ਰਕਾਬਗੰਜ ਦਿੱਲੀ ਦੀ ਕੰਧ ਢਾਹੁਣ ਦੇ ਸਵਾਲ 'ਤੇ ਜਿਨ੍ਹਾਂ ਅੰਗ੍ਰੇਜ਼ ਸਰਕਾਰ ਦਾ ਪੱਖ ਪੂਰਿਆ ਸੀ ਸਾਰੇ ਹੀ ਸਿੱਖੀ ਸਰੂਪ ਵਾਲੇ ਸਨ। ਸਾਰੇ ਗ਼ਦਾਰਾਂ ਨੂੰ ਸਰਕਾਰ ਨੇ ਮੁਰੱਬਿਆਂ, ਜਾਗੀਰਾਂ ਅਤੇ 'ਸਰਦਾਰ ਬਹਾਦਰ' ਜਿਹੇ ਖਿਤਾਬਾਂ ਨਾਲ ਸਨਮਾਨਿਆ ਸੀ ਤੇ ਧਿਆਨਯੋਗ ਹੈ ਕਿ ਉਨ੍ਹਾਂ ਦੇ ਪੋਤਰੇ, ਪੜਪੋਤਰੇ ਬੜੇ ਮਾਣ ਨਾਲ ਆਪਣੇ ਵੱਡਿਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਨਸ਼ਰ ਕਰਦੇ ਹਨ।

ਮੇਰੇ ਸਾਹਮਣੇ ਇਸ ਵੇਲੇ ਅੰਗ੍ਰੇਜ਼ੀ ਸਰਕਾਰ ਵੱਲੋਂ ਪ੍ਰਕਾਸ਼ਤ ਪੰਜਾਬ ਗਜ਼ੇਟੀਅਰ ਪਿਆ ਹੈ ਜਿਸ ਵਿੱਚ ਪੰਜਾਬ ਅੰਦਰ 1857 ਵੇਲੇ ਗ਼ਦਾਰੀ ਕਰਨ ਵਾਲਿਆਂ ਦੇ ਯੋਗਦਾਨ ਅਤੇ ਸਨਮਾਨਾਂ ਦੇ ਵੇਰਵੇ ਪਏ ਹਨ। ਦੂਜੇ ਪਾਸੇ ਬਾਬਾ ਹਰਨਾਮ (ਕਾਲਾ ਸੰਘਿਆਂ ਕਪੂਰਥਲਾ) ਜਿਨ੍ਹਾਂ ਨੇ ਫੌਜ ਦੀ ਨੌਕਰੀ ਕਰਦਿਆਂ ਗ਼ਦਰ ਲਹਿਰ ਦਾ ਸਾਥ ਦੇਣ ਬਦਲੇ ਨੌਕਰੀ ਗਵਾਈ ਤੇ ਫੇਰ 21 ਸਾਲ ਲਗਾਤਾਰ ਜੇਲ੍ਹ ਕੱਟੀ, ਜਿਨ੍ਹਾਂ ਦੇ ਪਰਿਵਾਰ ਨੂੰ ਉਨ੍ਹਾਂ ਦੀ 1915 ਦੀ ਜ਼ਬਤ ਹੋਈ ਜ਼ਮੀਨ ਅਜੇ ਤਕ ਵਾਪਸ ਨਹੀਂ ਮਿਲੀ ਦਾ ਵੇਰਵਾ ਵੀ ਹੈ।

ਸ਼ਹੀਦਾਂ ਦੇ ਪਰਿਵਾਰਾਂ ਨਾਲ 1947 ਤੋਂ ਪਿੱਛੋਂ ਕੀ ਬੀਤੀ ਹੈ, ਇਹ ਦੇਖਣ ਲਈ ਸਾਨੂੰ ਪੰਜਾਬੋਂ ਬਾਹਰ ਵੀ ਝਾਕਣਾ ਚਾਹੀਦਾ ਹੈ, ਕਿਸ ਤਰ੍ਹਾਂ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੇ ਮਾਤਾ ਜੀ ਤੇ ਸ਼ਹੀਦ ਰਾਮ ਪ੍ਰਸਾਦ ਬਿਸਮਿਲ ਦੇ ਪਰਿਵਾਰ ਨੇ ਰੁਲਦਿਆਂ-ਖੁਲਦਿਆਂ ਦਿਨ-ਕਟੀ ਕੀਤੀ, ਇਹ ਓਹੀ ਜਾਣਦੇ ਹਨ ਜਿਨ੍ਹਾਂ ਦੇ ਹੱਡਬੀਤੀ ਜਾਂ ਕੁਝ ਦੇਸ਼ ਪ੍ਰੇਮੀ ਜਿਨ੍ਹਾਂ ਨੇ ਉਨ੍ਹਾਂ ਪਰਿਵਾਰਾਂ ਦੀ ਸਾਰ ਲਈ।

ਗ਼ਦਰ ਲਹਿਰ ਦੇ ਸ਼ਹੀਦਾਂ, ਉਮਰ ਕੈਦੀਆਂ ਦੇ ਪਰਿਵਾਰਾਂ ਦੀ ਦੇਖ-ਭਾਲ ਕਰਨ ਲਈ ਸਵਰਗੀ ਸੰਤ ਬਾਬਾ ਵਸਾਖਾ ਸਿੰਘ (ਦਦੇਹਰ, ਅੰਮ੍ਰਿਤਸਰ) ਨੇ 1920-21 ਦੌਰਾਨ ਜੇਲ੍ਹੋਂ ਰਿਹਾਈ ਉਪਰੰਤ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣਾਈ। ਬਾਬਾ ਜੀ ਨੇ ਘਰੋ-ਘਰੀ ਜਾ ਕੇ ਦਾਣੇ ਉਗਰਾਹ ਕੇ, ਪੈਦਲ ਜਾ ਕੇ ਉਨ੍ਹਾਂ ਪਰਿਵਾਰਾਂ ਦੀ ਲਗਾਤਾਰ ਮਾਲੀ ਸਹਾਇਤਾ ਕੀਤੀ। 1955 ਵਿੱਚ ਇਸ ਕਮੇਟੀ ਦਾ ਨਾਂ ਬਦਲ ਕੇ ਦੇਸ਼ ਭਗਤ ਯਾਦਗਾਰ ਕਮੇਟੀ ਰੱਖ ਦਿੱਤਾ ਗਿਆ। ਸ਼ਾਇਦ

ਇਹ ਸੱਚ ਹੈ ਕਿ ਹੁਣ ਦੇਸ਼ ਆਜ਼ਾਦ ਹੋ ਗਿਐ ਇਸ ਲਈ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੀ ਲੋੜ ਨਹੀਂ। ਪਰ ਹਕੀਕਤ ਇਸ ਦੇ ਬਿਲਕੁਲ ਉਲਟ ਹੈ।

ਜ਼ਿਕਰਯੋਗ ਹੈ ਇਨਕਲਾਬੀ ਲਹਿਰਾਂ ਅੰਦਰ ਬੰਗਾਲ ਦੇ ਪੰਜਾਬ ਦਾ ਲੰਮੇਰਾ ਤੇ ਵਡੇਰਾ ਯੋਗਦਾਨ ਰਿਹਾ ਹੈ। ਪਰ ਬੰਗਾਲੀਆਂ ਨੇ ਆਪਣੇ 'ਇਨਕਲਾਬੀਆਂ ਦੀਆਂ ਯਾਦਾਂ ਨੂੰ ਫੁੱਲਾਂ ਵਾਂਗ ਸੰਭਾਲਿਆ ਹੈ।' ਇਕ ਪੁਰਾਣੇ ਇਨਕਲਾਬੀ ਸ਼੍ਰੀ ਕੇ.ਸੀ. ਘੋਸ਼ ਨੇ 850 ਸਫਿਆਂ ਦੀ ਕਿਤਾਬ ਲਿਖੀ ਸੀ — 'ਰੋਲ ਆਫ ਆਨਰ' ਉਹਦੇ ਵਿੱਚ ਇੱਕ-ਇੱਕ, ਦੋ-ਦੋ ਸਫਿਆਂ ਵਿੱਚ ਦੇਸ਼ ਭਰ ਦੇ ਸ਼ਹੀਦਾਂ ਬਾਰੇ ਸਿਰਫ ਘਟਨਾਵਾਂ ਦੀ ਦਰਜ ਹਨ। ਇਥੋਂ ਤੱਕ ਕਿ ਸਾਡੇ ਗ਼ਦਰੀ ਬਾਬਿਆਂ ਅਤੇ ਬੱਬਰ ਅਕਾਲੀ ਯੋਧਿਆਂ ਬਾਰੇ ਕੁੱਝ ਅਜਿਹੇ ਤੱਥ ਹਨ ਜਿਨ੍ਹਾਂ ਬਾਰੇ ਘੱਟੋ-ਘਟ ਮੈਨੂੰ ਤਾਂ ਜਾਣਕਾਰੀ ਹੈ ਨਹੀਂ ਸੀ। ਪੰਜਾਬ ਅੰਦਰ ਜੋ ਦਸ਼ਾ ਸਾਡੀ ਸ਼ਹੀਦੀ ਵਿਰਾਸਤ ਦੀ ਹੈ, ਓਹਦੇ ਬਾਰੇ ਇਥੇ ਵਿਸਥਾਰ 'ਚ ਜਾਣਾ ਕੁਥਾਏਂ ਹੀ ਹੋਵੇਗਾ।

ਅਖੀਰ 'ਚ ਮੈਂ ਬਾਬਾ ਹਰਨਾਮ ਸਿੰਘ (ਕਾਲਾ ਸੰਘਿਆ ਕਪੂਰਥਲਾ) ਦੀ ਜੀਵਨੀ 'ਚੋਂ ਉਨ੍ਹਾਂ ਦਾ ਬਿਆਨ ਕੀਤਾ ਵਾਕਿਆ ਪੇਸ਼ ਕਰਨ ਦੀ ਇਜਾਜ਼ਤ ਚਾਹਾਂਗਾ:—

'23 ਨੰਬਰ ਰਸਾਲਾ ਜੋ ਗ਼ਦਰ ਵੇਲੇ ਲਾਹੌਰ ਦੀ ਮੀਆਂਮੀਰ ਛਾਉਣੀ ਵਿੱਚ ਹੀ, ਗ਼ਦਰ ਲਹਿਰ 'ਚ ਹਿੱਸਾ ਲੈਣ ਬਦਲੇ 18 ਫੌਜੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਪਰ ਪਿੱਛੋਂ 6 ਦੀ ਸਜ਼ਾ ਘਟਾ ਕੇ ਉਮਰ ਕੈਦ ਕਰ ਦਿੱਤੀ ਗਈ ਸੀ। ਇਨ੍ਹਾਂ ਵਿੱਚ 17 ਸਿੱਖ ਤੇ ਇੱਕ ਮੁਸਲਮਾਨ ਸੀ। ਅਸਲ ਵਿੱਚ ਇਹ ਸਾਰੀ ਪਲਟਣ ਹੀ ਸਿੱਖਾਂ ਦੀ ਸੀ ਤੇ ਇਹ ਮੁਸਲਮਾਨ ਗ਼ਦਰੀ ਸੀ ਅਬਦੁਲਾ ਘੋੜਿਆਂ ਨੂੰ ਖੁਰੀਆਂ ਲਾਉਣ ਵਾਲਾ ਨਾਅਲਸਾਜ਼ ਸੀ।

ਸ਼੍ਰੀ ਅਬਦੁਲਾ ਦਾ ਇੱਕ ਰਿਸਤੇਦਾਰ ਥਾਣੇਦਾਰ ਸੀ, ਜਿਸ ਨੇ ਉਹਨੂੰ ਵਾਅਦਾ ਮੁਆਫ ਗਵਾਹ ਬਣਨ ਲਈ ਕਿਹਾ। ਜਦੋਂ ਰਿਸ਼ਤੇਦਾਰ ਚਲਾ ਗਿਆ ਤਾਂ ਉਨ੍ਹਾਂ ਦੇ ਇੱਕ ਸਾਥੀ ਲਛਮਣ ਸਿੰਘ (ਪਿੰਡ ਚੂਸਲੇਵੜ ਅੰਮ੍ਰਿਤਸਰ) ਨੇ ਕਿਹਾ, ਮੌਲਵੀ ਜੀ, ਅਸੀਂ ਤਾਂ ਹੁਣ ਅਗਾਂਹ ਜਾਣ ਨੂੰ ਤਿਆਰ ਹਾਂ, ਤੁਸੀਂ ਬੇਸ਼ੱਕ ਬਿਆਨ ਦੇ ਕੇ ਬਾਹਰ ਨਿਕਲ ਜਾਓ।' ਤਾਂ ਮੌਲਵੀ ਅਬਦੁਲਾ ਰੋ ਪਿਆ ਤੇ ਆਖਣ ਲੱਗਾ, 'ਮੈਨੂੰ ਇਸ ਗੱਲ ਦੀ ਸ਼ਰਮ ਹੈ, ਸਿੱਖ ਇੱਕ ਮੁੱਠੀ-ਭਰ ਕੌਮ ਹੈ ਤੇ 17 ਸਿੱਖ ਸਿਰ 'ਤੇ ਕਫਨ ਬੰਨ੍ਹ ਖਲੋਤੇ ਹਨ ਤੇ ਅਸੀਂ 8 ਕਰੋੜ ਹਾਂ ਤੇ ਮੈਂ ਮੁਸਲਮਾਨ ਇੱਕੋ ਹਾਂ ਉਹਨੂੰ ਵੀ ਤੁਸੀਂ ਕਹਿੰਦੇ ਹੋ ਜਾਨ ਬਚਾ ਲਵੋ। ਤੁਸੀਂ ਮੈਨੂੰ ਆਪਣੇ ਨਾਲੋਂ ਜੁਦਾ ਨਾ ਕਰੋ। ਅੱਲਾ ਤਾਲਾ ਗਵਾਹ ਹੈ ਕਿ ਮੈਂ ਆਪਣੇ ਦਾਮਨ ਨੂੰ ਦਾਗ਼ਦਾਰ, ਨਹੀਂ ਬਣਾਉਣਾ ਚਾਹੁੰਦਾ। ਤੇ ਫਾਂਸੀ ਲੱਗਣ ਵੇਲੇ ਸ੍ਰੀ ਅਬਦੁਲਾ ਨੇ ਕਿਹਾ, 'ਸਾਨੂੰ ਮਰਨ ਪਿੱਛੋਂ ਜੁਦਾ ਨਾ ਕਰਿਓ ਜਾਂ ਇਕੱਠੇ ਦਫਨ ਕਰ ਦਿਓ ਜਾਂ ਇਕੱਠਿਆਂ ਦਾ ਸੰਸਕਾਰ ਕਰ ਦਿਓ, ਕਿਉਂਕਿ ਅੱਗੇ ਵੀ ਅਸੀਂ ਇਕੱਠੇ ਜਾਣਾ ਹੈ। ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੁੰਦਾ, ਸਾਡੀ ਆਤਮਾ ਹਿੰਦੁਸਤਾਨ ਵਿੱਚ ਹੀ ਘੁੰਮੇਗੀ।'

3 ਸਤੰਬਰ 1915 ਸੈਂਟ੍ਰਲ ਜੇਲ੍ਹ ਅੰਬਾਲਾ 'ਚ 12 ਨੂੰ ਚੁੱਪ-ਚਾਪ ਫਾਂਸੀ ਲਾ ਕੇ ਮ੍ਰਿਤਕ ਦੇਹਾਂ ਦੇ ਅੰਤਮ ਸੰਸਕਾਰ ਜੇਲ੍ਹ ਅੰਦਰ ਹੀ ਕਰਕੇ ਅਸਥੀਆਂ ਨੂੰ (ਸ਼ਾਇਦ) ਕਿਸੇ ਕੋਨੇ 'ਚ ਦਫਨ ਕਰ ਦਿੱਤਾ ਗਿਆ।

———